BC CANCER
Provincial Health Services Authority

# ਕੋਵਿਡ-19 ਵੈਕਸੀਨ:

## ਕੈਂਸਰ ਵਾਲੇ ਰੋਗੀਆਂ ਨੂੰ ਕੀ ਪਤਾ ਹੋਣਾ ਚਾਹੀਦਾ ਹੈ

### ਕੀ ਮੈਨੂੰ ਕੋਵਿਡ-19 ਵੈਕਸੀਨ ਲੈਣਾ ਚਾਹੀਦਾ ਹੈ?
### Should I get the COVID-19 vaccine?



- ਹੋ ਸਕਦਾ ਹੈ ਕਿ ਕੈਂਸਰ ਵਾਲੇ ਰੋਗੀਆਂ ਨੂੰ ਕੋਵਿਡ-19 ਹੋਣ ਦਾ ਜ਼ਿਆਦਾ ਖ਼ਤਰਾ ਹੋਵੇ।
- ਅਸੀਂ ਸਿਫ਼ਾਰਸ਼ ਕਰਦੇ ਹਾਂ ਕਿ ਜਦੋਂ ਵੀ ਤੁਹਾਨੂੰ ਕੋਵਿਡ-19 ਵੈਕਸੀਨ ਲੈਣ ਲਈ ਕਿਹਾ ਜਾਂਦਾ ਹੈ ਤੁਸੀਂ ਵੈਕਸੀਨ ਲੈ ਲਵੋ।
- ਜਦੋਂ ਤੁਸੀਂ ਵੈਕਸੀਨ ਲਈ ਇੰਤਜ਼ਾਰ ਕਰ ਰਹੇ ਹੋਵੋ, ਅਤੇ ਵੈਕਸੀਨ ਲੈਣ ਤੋਂ ਬਾਅਦ ਤੁਸੀਂ ਪਬਲਿਕ ਹੈਲਥ ਦੇ ਸਾਰੇ ਸੁਰੱਖਿਆ ਨਿਰਦੇਸ਼ਾਂ ਦੀ ਪਾਲਨਾ ਜਾਰੀ ਰੱਖੋ।

### ਜੇ ਮੇਰਾ ਕੈਂਸਰ ਦਾ ਇਲਾਜ ਚੱਲ ਰਿਹਾ ਹੈ ਤਾਂ ਕੀ ਮੈਂ ਵੈਕਸੀਨ ਲੈ ਸਕਦਾ ਹਾਂ?
### Can I get the vaccine if I am having treatment for cancer?

- ਵਿਸ਼ੇਸ਼ੱਗਾਂ ਦੀ ਇਹ ਰਾਇ ਹੈ ਕਿ ਜਿਨ੍ਹਾਂ ਲੋਕਾਂ ਨੂੰ ਕੈਂਸਰ ਹੈ, ਕੈਂਸਰ ਦਾ ਇਲਾਜ ਚੱਲ ਰਿਹਾ ਹੈ ਜਾਂ ਕੈਂਸਰ ਤੋਂ ਰਾਜ਼ੀ ਹੋ ਰਹੇ ਹਨ ਉਨ੍ਹਾਂ ਸਭ ਲਈ ਬੀ.ਸੀ. ਵਿਚ ਵਰਤਿਆ ਜਾਣ ਵਾਲਾ ਕੋਵਿਡ-19 ਵੈਕਸੀਨ ਸੁਰੱਖਿਅਤ ਹੈ।
- ਜਦੋਂ ਤੁਹਾਡਾ ਕੈਂਸਰ ਦਾ ਇਲਾਜ ਚੱਲ ਰਿਹਾ ਹੋਵੇ ਉਸ ਸਮੇਂ ਤੁਹਾਡਾ ਸਰੀਰ ਇਨਫ਼ੈਕਸ਼ਨ ਨਾਲ ਉਸ ਤਰ੍ਹਾਂ ਮੁਕਾਬਲਾ ਨਹੀਂ ਕਰ ਸਕਦਾ ਜਿਵੇਂ ਤਰ੍ਹਾਂ ਆਮ ਤੌਰ ਤੇ ਕਰਨਾ ਚਾਹੀਦਾ ਹੈ। ਬੀ.ਸੀ. ਵਿਚ ਵਰਤਿਆ ਜਾਣ ਵਾਲਾ ਕੋਵਿਡ-19 ਵੈਕਸੀਨ ਫਿਰ ਵੀ ਤੁਹਾਡੇ ਲਈ ਸੁਰੱਖਿਅਤ ਹੋਣਾ ਚਾਹੀਦਾ ਹੈ।
- ਤੁਹਾਨੂੰ ਵੈਕਸੀਨ ਲੈਣ ਦਾ ਸਮਾਂ ਕੈਂਸਰ ਦੇ ਇਲਾਜ ਜਾਂ ਦਵਾਈ ਨਾਲ ਰੱਖਣਾ ਚਾਹੀਦਾ ਹੈ। ਜਦੋਂ ਤੁਹਾਨੂੰ ਵੈਕਸੀਨ ਲੈਣ ਲਈ ਕਿਹਾ ਜਾਏ ਤਾਂ ਜ਼ਿਆਦਾ ਜਾਣਕਾਰੀ ਲਈ ਕੋਵਿਡ-19 ਬੀ.ਸੀ. ਕੈਂਸਰ ਦੀ ਵੈੱਬਸਾਈਟ ਤੇ ਜਾਓ।
- ਜੇ ਹਾਲੀ ਵੀ ਤੁਹਾਡੇ ਮਨ ਵਿਚ ਕੋਈ ਸਵਾਲ ਹਨ ਤਾਂ ਆਪਣੀ ਸਿਹਤ ਸੰਭਾਲ ਕਰਨ ਵਾਲੇ ਨਾਲ ਉਸ ਦੀ ਅਗਲੀ ਫੇਰੀ ਸਮੇਂ ਵਿਚਾਰ ਕਰੋ। ਇਹ ਨਰਸ, ਤੁਹਾਡਾ ਡਾਕਟਰ, ਕੈਂਸਰ ਵਿਸ਼ੇਸ਼ੱਗ, ਖ਼ੂਨ ਵਿਸ਼ੇਸ਼ੱਗ, ਜਾਂ ਰੇਡੀਏਸ਼ਨ ਥੈਰਾਪਿਸਟ ਹੋ ਸਕਦਾ ਹੈ।



### ਮੈਂ ਕੋਵਿਡ-19 ਵੈਕਸੀਨ ਕਦੋਂ ਲੈ ਸਕਦਾ ਹਾਂ?
### When can I get the COVID-19 vaccine?

- ਬੀ.ਸੀ. ਵਿਚ ਕੋਵਿਡ-19 ਇਮਿਊਨਾਈਜ਼ੇਸ਼ਨ ਦਾ ਪਲੈਨ ਸ਼ੁਰੂ ਹੋ ਗਿਆ ਹੈ ਅਤੇ ਤੁਹਾਡੀ ਰਿਹਾਇਸ਼ ਦੇ ਸਥਾਨ ਮੁਤਾਬਿਕ ਵੱਖਰਾ ਹੋ ਸਕਦਾ ਹੈ।
- ਤੁਹਾਡੀ ਸਿਹਤ ਦੀ ਹਾਲਤ ਮੁਤਾਬਿਕ ਤੁਹਾਨੂੰ ਵੈਕਸੀਨ ਤੁਹਾਡੇ ਉਮਰ ਦੇ ਗਰੁੱਪ ਤੋਂ ਪਹਿਲਾਂ ਵੀ ਮਿਲ ਸਕਦਾ ਹੈ।

**ਹੋਰ ਜ਼ਿਆਦਾ ਜਾਣਕਾਰੀ ਲਈ ਇਹ ਦੇਖੋ: bccancer.bc.ca/covid19**

**ਤੁਸੀਂ ਇਹ ਵੀ ਦੇਖ ਸਕਦੇ ਹੋ: bccdc.ca/covid19vaccine**

**ਬੀ.ਸੀ. ਦਾ ਕੋਵਿਡ-19 ਇਮਿਊਨਾਈਜ਼ੇਸ਼ਨ ਪਲੈਨ ਦੇਖਣ ਲਈ ਇਹ ਦੇਖੋ gov.bc.ca/gov/content/covid-19/vaccine**